ਕਲਾਸ - ਬਾਰ੍ਹਵੀਂ

ਧਰਮ

(2023-24)

ਸਮਾਂ-3 ਘੰਟੇ ਮਾਡਲ ਟੈਸਟ ਪੇਪਰ ਥਿਊਰੀ-80 ਅੰਕ

1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ 4 ਭਾਗਾਂ ਵਿੱਚ ਹੈ (ੳ,ਅ,ੲ,ਸ)

(ਭਾਗ-ੳ) 30x1=30

## ਵਸਤੂਨਿਸ਼ਠ ਪ੍ਰਸ਼ਨ

ਬਹੁ-ਵਿਕਲਪੀ ਪ੍ਰਸ਼ਨ

1. ਜਲ ਦੀ ਪਵਿੱਤਰਤਾ ਮਹੋਂਜੋਦੜੋ ਤੋਂ ਮਿਲੀ ਕਿਸ ਚੀਜ਼ ਤੋਂ ਪਤਾ ਲੱਗੀ ?

(ੳ) ਨਦੀ (ਅ) ਖੂਹ (ੲ) ਵਿਸ਼ਾਲ ਇਸ਼ਨਾਨ ਘਰ (ਸ) ਬਾਉਲੀ

2. ਮਹਾਤਮਾ ਬੁੱਧ ਦੇ ਪਿਤਾ ਕੌਣ ਸਨ?

(ੳ) ਵਸੁਮਿਤਰ (ਅ)ਸਭਾਕਾਮੀ (ੲ) ਮਹਾਵੀਰ (ਸ) ਸ਼ਸ਼ੋਧਨ

3. ਗੁਰੂ ਨਾਨਕ ਦੇਵ ਜੀ ਕਿਹੜੀ ਉਦਾਸੀ ਸਮੇਂ ਸਯੱਦਪੁਰ,ਕੁਰਕਸ਼ੇਤਰ,ਪਾਣੀਪੱਤ ਅਤੇ ਦਿੱਲੀ ਗਏ?

(ੳ) ਚੌਥੀ (ਅ) ਤੀਜੀ (ੲ) ਦੂਜੀ (ਸ) ਪਹਿਲੀ

4. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ ਜਾਨਵਰ ਦੀ ਪੂਜਾ ਕਰਦੇ ਸਨ?

(ੳ) ਗੈਂਡਾ (ਅ) ਹਾਥੀ (ੲ) ਸਾਨ੍ਹ (ਸ) ਇਹ ਸਾਰੇ ਹੀ

5. ਸਭ ਤੋਂ ਪੁਰਾਣਾ ਵੇਦ ਕਿਹੜਾ ਹੈ?

(ੳ) ਅਥਰਵਵੇਦ (ਅ) ਸਾਮਵੇਦ (ੲ) ਰਿਗਵੇਦ (ਸ) ਯਜੁਰਵੇਦ

ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਉੱਤਰ ਦਿਉ।

6. ਸਿੰਧੂ ਘਾਟੀ ਸਭਿਅਤਾ ਦੇ ਕਿਸੇ ਇੱਕ ਕੇਂਦਰ ਦਾ ਨਾਂ ਲਿਖੋ।

7. ਮਹਾਤਮਾ ਬੁੱਧ ਦੀਆਂ ਕੋਈ ਦੋ ਸਿੱਖਿਆਵਾਂ ਲਿਖੋ।

8. ਗੁਰਮੁਖੀ ਲਿਪੀ ਦਾ ਸੁਧਾਰ ਕਿਹੜੇ ਗੁਰੂ ਜੀ ਨੇ ਕੀਤਾ?

9. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ ਚਿੰਨ੍ਹ ਦੀ ਪੂਜਾ ਕਰਦੇ ਸਨ?

10. ਬੁੱਧ ਧਰਮ ਦੀਆਂ ਯਾਤਕ ਕਥਾਵਾਂ ਕਿਹੜੀ ਭਾਸ਼ਾ ਵਿੱਚ ਹਨ?

11. ਸਭ ਤੋਂ ਪਹਿਲਾਂ ਮਹਾਤਮਾ ਬੁੱਧ ਨੇ ਆਪਣਾ ਉਪਦੇਸ਼ ਕਿਸ ਨੂੰ ਦਿੱਤਾ ਸੀ?

Downloaded from cclchapter.com

12. ਗੁਰੂ ਅਮਰਦਾਸ ਜੀ ਦੀ ਇਕ ਰਚਨਾ ਦਾ ਨਾਂ ਲਿਖੋ।

13. ਧਰਮ ਸੂਤਰ ਸਾਹਿਤ ਵਿਚ ਕਿਹੜਾ ਸੂਤਰ ਸ਼ਾਮਿਲ ਹੈ?

14. ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਕਿਸ ਸਥਾਨ ਵਿਖੇ ਹੋਇਆ?

15. ਬੁੱਧ ਸਾਹਿਤ ਕਿਸ ਭਾਸਾ ਵਿਚ ਲਿਖਿਆ ਗਿਆ?

**ਖਾਲੀ ਥਾਵਾਂ ਭਰੋ:**

16. ................ ਤੁਫਾਨ ਦੇ ਦੇਵਤਾ ਸਨ।

17. ਅਥਰਵਵੇਦ ਨੂੰ......................... ਕਿਹਾ ਜਾਂਦਾ ਹੈ।

18. ਮੁੱਖ ਤੌਰ ਤੇ ਉਪਨਿਸ਼ਦਾਂ ਦੀ ਗਿਣਤੀ ..........................ਮੰਨੀ ਜਾਂਦੀ ਹੈ।

19. ਆਦਿ ਗ੍ਰੰਥ ਵਿੱਚ ਸੂਫੀ ਸੰਤ ............................... ਜੀ ਦੀ ਬਾਣੀ ਦਰਜ ਹੈ।

20. ਵੇਦਾਂ ਦੀ ਕੁੱਲ ਗਿਣਤੀ .................................... ਹੈ।

21. ਆਦਿ ਗ੍ਰੰਥ ਦਾ ਸੰਕਲਨ 1601 ਤੋਂ ................................ ਤੱਕ ਹੋਇਆ।

22. ਕਠੋ ਉਪਨਿਸ਼ਦ ..................................ਵੇਦ ਦਾ ਉਪਨਿਸ਼ਦ ਹੈ।

23. ਜੈਨ ਧਰਮ ਵਿੱਚ .............................. ਤਿਰਥੰਕਰ ਸਨ?

24. ਨਾਮ ਜਪੋ,ਕਿਰਤ ਕਰੋ,ਵੰਡ ਛੱਕੋ ਦੇ ਸਿਧਾਂਤ .......................... ਜੀ ਨੇ ਦਿੱਤੇ?

**ਸਹੀ/ਗਲਤ ਲਿਖੋ-**

25. ਜੈਨ ਧਰਮ ਵਿੱਚ ਅੱਠ ਪ੍ਰਕਾਰ ਦੇ ਅਲੰਕਾਰ ਦਾ ਜ਼ਿਕਰ ਹੈ। ( )

26. ਮਹਾਤਮਾ ਬੁੱਧ ਨੇ ਆਪਣੇ ਉਪਦੇਸ਼ਾਂ ਦੇ ਪ੍ਰਚਾਰ ਲਈ ਲਗਭਗ 80 ਸਾਲ ਲਾਏ। ()

27. ਜੈਨਮਤ ਵਿੱਚ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ()

28. ਤ੍ਰਿਪਟਕ ਜੈਨ ਧਰਮ ਦਾ ਗ੍ਰੰਥ ਹੈ। ()

29. ਸਿੱਖ ਜੀਵਨ ਜਾਚ ਅਨੁਸਾਰ ਸ਼੍ਰਿਸ਼ਟੀ ਦਾ ਪ੍ਰਬੰਧ ਪਰਮਾਤਮਾ ਦੇ ਹੁਕਮ ਨਾਲ਼ ਚਲ ਰਿਹਾ ਹੈ। ()

30. ਸਿੱਖ ਧਰਮ ਅਨੁਸਾਰ ਕੁਰਹਿਤਾਂ ਕਰਨ ਵਾਲ਼ੇ ਨੂੰ ਤਨਖਾਹ ਲਾਈ ਜਾਂਦੀ ਹੈ। ()

**ਭਾਗ- ਅ** 10x2=20

**ਛੋਟੇ ਉਤਰਾਂ ਵਾਲੇ ਪ੍ਰਸ਼ਨ 30-35 ਸ਼ਬਦਾ ਵਿੱਚ ਉਤਰ ਲਿਖੋ।**

Downloaded from cclchapter.com

31. ਆਰੀਆ ਦੀ ਊਸ਼ਾ ਦੇਵੀ ਬਾਰੇ ਜਾਣਕਾਰੀ ਦਿਉ।

32. ਬੋਧ 'ਸੰਘ' ਤੋਂ ਕੀ ਭਾਵ ਹੈ ?

33. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਤੁਸੀ ਕੀ ਜਾਣਦੇ ਹੋ?

34. ਵੈਦਿਕ ਸਾਹਿਤ ਵਿੱਚੋਂ ਸਵਰਗ ਅਤੇ ਨਰਕ ਵਿੱਚ ਵਿਸ਼ਵਾਸ ਦਾ ਪਤਾ ਲੱਗਦਾ ਹੈ। ਵਿਚਾਰ ਕਰੋ।

35. ਧਰਮ ਸੂਤਰ ਤੋਂ ਕੀ ਭਾਵ ਹੈ?

36. ਤੈਤੈਯ ਉਪਨਿਸ਼ਦ ਬਾਰੇ ਤੁਸੀਂ ਕੀ ਜਾਣਦੇ ਹੋ?

37. ਆਦਿ ਗ੍ਰੰਥ ਦੀ ਸੰਪਾਦਨਾ ਦੀ ਲੋੜ ਕਿਉਂ ਪਈ?

38. ਬੁੱਧਮੱਤ ਅਨੁਸਾਰ ਦੁਖਾਂ ਦੀ ਸਮਾਪਤੀ ਕਿਵੇਂ ਹੋ ਸਕਦੀ ਹੈ?

39. ਸਿੱਖ ਜੀਵਨ ਜਾਂਚ ਅਨੁਸਾਰ ਸੱਚਖੰਡ ਕੀ ਹੈ?

40. ਗੁਰਦੁਆਰਾ ਸੰਸਥਾ ਤੇ ਨੋਟ ਲਿਖੋ।

**ਭਾਗ-ੲ (100 %ਅੰਤਰਿਕ ਛੋਟ)** 5x6=30

**ਵੱਡੇ ਉਤਰਾਂ ਵਾਲੇ ਪ੍ਰਸ਼ਨ, 60-70 ਸ਼ਬਦਾਂ ਵਿੱਚ ਉਤਰ ਲਿਖੋ।**

41. ਆਰੰਭਿਕ ਆਰਿਆ ਦੇ ਧਾਰਮਿਕ ਜੀਵਨ ਦੀ ਵਿਆਖਿਆ ਕਰੋ

ਜਾਂ

ਭਗਵਾਨ ਬੁੱਧ ਦੇ ਮਹਾਨ ਤਿਆਗ ਬਾਰੇ ਲਿਖੋ।

42. ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਦਾ ਵਰਨਣ ਕਰੋ।

ਜਾਂ

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰੋ।

43. ਵੈਦਿਕ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

ਜਾਂ

ਆਦਿ ਗ੍ਰੰਥ ਸਾਹਿਬ ਦੀ ਮਹੱਤਤਾ ਲਿਖੋ।

44. ਵੇਦਾਂ ਦੀ ਮਹੱਤਤਾ ਬਾਰੇ ਸੰਖੇਪ ਵਿੱਚ ਲਿਖੋ।

ਜਾਂ

ਆਦਿਗ੍ਰੰਥ ਵਿਚਲੀ ਗੁਰੂ ਅਮਰਦਾਸ ਜੀ ਦੀ ਬਾਣੀ ਬਾਰੇ ਸੰਖੇਪ ਜਾਣਕਾਰੀ ਦਿਉ।

45. ਮਨੂੰ ਸਮ੍ਰਿਤੀ ਤੇ ਸੰਖੇਪ ਨੋਟ ਲਿਖੋ।

ਜਾਂ

ਸਿੱਖ ਧਰਮ ਵਿੱਚ ਹੰਕਾਰ ਦੀ ਅਵਧਾਰਨਾ ਦਾ ਵਰਨਣ ਕਰੋ।

Downloaded from cclchapter.com